CHIEF MINISTER's OFFICE, PUNJAB

# NO LOSSES INCURRED DURING FY 2019-20 EXCEPT ON ACCOUNT OF CURFEW/LOCKDOWN, SAYS PUNJAB EXCISE DEPT

- **CAPT AMARINDER ASKS FOR REVIEW OF COLLECTIONS EVERY FRIDAY, TAKE ALL STEPS TO BOOST REVENUE**

- **ALL LIQUOR VENDS NOW OPEN, EXCEPT THOSE IN CONAINMENT ZONES, IN WAKE OF CM'S APPROVAL TO KEY POLICY AMENDMENTS**

Chandigarh, May 15

Contrary to speculation, the Punjab Excise Department has not incurred any losses in FY 2019-20, except those resulting from the Covid related curfew/lockdown, which are yet to be assessed.

This was disclosed by the Excise Department at a meeting with the Chief Minister Captain Amarinder Singh to review the situation in the light of the amendments to the Excise Policy, as well as related matters.

Barring the losses incurred on account of the lockdown/curfew imposed in the light of the Covid pandemic, there were no losses suffered in fiscal 2019-20, the Excise Department told the review meeting.

The Chief Minister directed the department to expeditiously complete the pending tasks with respect to allotment of vends etc, and, at the same time, to take all possible steps to boost revenue. He further asked the department to review revenue collections every Friday to ensure timely ground assessment of the situation caused by the unprecedented lockdown.

The directives came even as all allotted vends in the state have opened, except those in the containment zones, pursuant to the key amendments approved by the Chief Minister in the Excise Policy for FY 2020-21 in view of the Covid crisis. In terms of numbers, this translates into 4404 liquor vends, run by 589 groups, now open in the state.

The Excise Department informed the Chief Minister that though the final figures for FY 2019-20 were yet to be worked out, indicative data shows that the excise revenue for the year was higher than that of the previous fiscal.

Giving details, the Department revealed that revenue receipts had shown marked increase since the Captain Amarinder government took over the state's reigns in March 2017. From Rs. 4405.72 crore in FY 2016-17, the actual revenue received by the state exchequer shot up to Rs 5135.68 crore in FY 2017-18 – a whopping 16% increase in one year.

There was a slight dip in the Excise Department revenues in FY 2018-19, on account of quota and price reduction, as well as hike in VAT, which went up to 14%, along with some changes in GST, disclosed Department officials. The decrease was, however, marginal, with the actual receipts reported at Rs. 5073.79 crore.

As far as FY 2019-20 is concerned, according to the Department officials, the figure for revenue earned by the Excise Department currently stands at Rs 5015 crore. However, as per the Excise Policy of FY 2019-20, an amount of Rs 50 crore, on account of application money, was transferred to Excise & Taxation Technical Services Agency (ETTSA). In addition, VAT amounting to Rs 125 crore has been included, and taking the same into consideration, the total receipts would, in fact, amount to Rs 5222 crore.

Further noting that in FY 2019-20, Janta Curfew was imposed on 22nd March, and curfew/lockdown from 23rd March, the officials said that all the fees (Fixed License Fee and Additional Fixed License Fee) for FY 2020-21, which were to be deposited in the month of March could not be deposited. This included Rs 278 crore for renewed groups, Rs 68 crore approx. from the newly allotted groups, and another Rs 120 crore in routine receipts which could not deposited on account of the curfew/lockdown restrictions, they added.

Hence, Rs 466 crore was not received in March 2020 by the state exchequer while Rs 5 crore went into taxes and to ETTSA, disclosed the Department. Taking these figures into account, the actual receipts for the year would, in fact, turn out to be much higher than last year's, the officials added.

Meanwhile, according to a spokesperson of Excise & Taxation Department, out of 4674 renewed/allotted vends, 4404 have opened for sale of liquor across the state. Only those in the containment zones could not open yet.

In addition, in line with the amendments approved by the Chief Minister, the Department has also initiated the process for allotment of 1235 vends, comprising 91 groups, which could not be completed due to curfew/lockdown in the state.

Giving the break-up of the 4404 liquor vends opened till date by 589 groups, the spokesperson said that 54 groups have opened 669 vends in Amritsar-1, Amritsar-2, Gurdaspur, Pathankot and Tarn Taran. Another 977 liquor vends have been opened by 138 groups in Hoshiarpur, Jalandhar-1, Jalandhar-2, Kapurthala and Shaheed Bhagat Singh Nagar (Nawanshahr).

As many as 742 liquor vends run by 147 groups have opened in Ludhiana-1, Ludhiana-2, Ludhiana-3 and Fatehgarh Sahib, while 117 groups have opened 718 liquor vends in Patiala, Sangrur and Barnala districts.

The spokesperson further said that 340 liquor vends run by 55 groups have opened in Rupnagar and SAS Nagar (Mohali) districts. Apart from these, 485 liquor vends have now been opened by 26 groups in Ferozepur, Fazilka, Moga and Muktsar districts. Besides, 473 vends run by 52 groups are now operational in Faridkot, Bathinda and Mansa districts.

-----------------------

No.I/25124/2020

**Information & Public Relations Department, Punjab**

# Cooperation Department decides to cover insurance of all officials with Rs. 25 lakh

- **14905 officers/employees of five cooperative institutions fighting as frontline warriors against corona virus, will have insurance cover: Sukhjinder Singh Randhawa**
- **Cooperatives Institutes will pay insurance premium of Rs 2.95 Crore**

Chandigarh, 15 May:

The Cooperation Department has decided to provide insurance cover of Rs. 25 lakh to all its Officers/Employees who are on the frontline in the war against Covid-19. This insurance will cover all regular, contractual and outsourced employees who are currently working day and night to provide essential services to the people during the curfew/lockdown imposed in view of the Covid-19 crisis. This was disclosed by the Cooperation Minister Mr. Sukhjinder Singh Randhawa in a press statement issued here today.

S. Randhawa said that 14905 Officers/Employees of five Cooperatives Institutions Sugarfed, Milkfed, Markfed, Punjab State Cooperative Bank and Punjab State Cooperative Agricultural Development Bank working as the frontline warriors and would be covered with insurance of Rs. 25 lakh per employee for a one year.

The Premium will Rs. 1977 per employee including GST. The total cost of premium for insurance of all 14905 employees would be Rs 2.95 Crore (2,94,67,185). The amount of premium will be paid by the concerned Cooperative Institution according to the number of its employees.

Giving details of all the employees, the Cooperation Minister said that out of the total 14905 Officers/Employees of the five Cooperative Institutions, 8812 are regular and 6093 are contractual and outsourced.

As per this milestone decision taken by the Cooperation Department, 2090 employees of Sugarfed, 6298 of Milkfed, 1421 of Markfed, 4217 of Punjab State Cooperative Bank and 879 employees of Punjab State Cooperative Agricultural Development Bank would be insured.

Divulging more, S. Randhawa said that in this hour of crisis, the entire cooperative department is working on the frontline to provide essential services to the people and farmers of the state. He said that in view of the risk to the employees, it has been decided to provide this insurance cover.

No. I/24924/2020

--------------------------

# ਮੁੱਖ ਮੰਤਰੀ ਦਫ਼ਤਰ, ਪੰਜਾਬ

**ਲੌਕਡਾਊਨ/ਕਰਫਿਊ ਸਦਕਾ ਹੋਏ ਘਾਟੇ ਤੋਂ ਇਲਾਵਾ ਸਾਲ 2019-20 ਵਿੱਚ ਕੋਈ ਵਿੱਤੀ ਨੁਕਸਾਨ ਨਹੀਂ ਹੋਇਆ-ਆਬਕਾਰੀ ਵਿਭਾਗ**

**ਕੈਪਟਨ ਅਮਰਿੰਦਰ ਸਿੰਘ ਨੇ ਵਿਭਾਗ ਨੂੰ ਆਮਦਨ ਵਸੂਲੀਆਂ ਦੀ ਸਮੀਖਿਆ ਹਰ ਸ਼ੁੱਕਰਵਾਰ ਕਰਨ ਅਤੇ ਆਮਦਨ ਵਧਾਉਣ ਲਈ ਹਰੇਕ ਕਦਮ ਉਠਾਉਣ ਲਈ ਆਖਿਆ**

**ਮੁੱਖ ਮੰਤਰੀ ਵੱਲੋਂ ਆਬਕਾਰੀ ਨੀਤੀ ਵਿੱਚ ਪ੍ਰਵਾਨ ਕੀਤੀਆਂ ਸੋਧਾਂ ਸਦਕਾ ਸੀਮਿਤ ਜ਼ੋਨਾਂ ਨੂੰ ਛੱਡ ਕੇ ਸੂਬੇ ਅੰਦਰ ਸ਼ਰਾਬ ਦੇ ਸਾਰੇ ਠੇਕੇ ਖੁੱਲ੍ਹੇ**

**ਚੰਡੀਗੜ੍ਹ, 15 ਮਈ**

ਕਿਆਸਅਰਾਈਆਂ ਦੇ ਉਲਟ ਪੰਜਾਬ ਦੇ ਆਬਕਾਰੀ ਵਿਭਾਗ ਨੂੰ ਵਿੱਤੀ ਸਾਲ 2019-20 ਦੌਰਾਨ ਕੋਈ ਘਾਟਾ ਨਹੀਂ ਪਿਆ ਸਿਵਾਏ ਕੋਵਿਡ-19 ਕਾਰਨ ਲੱਗੇ ਕਰਫਿਊ/ਲੌਕਡਾਊਨ ਦੇ ਨਤੀਜੇਵੱਸ ਹੋਏ ਵਿੱਤੀ ਨੁਕਸਾਨ ਦੇ ਜਿਸ ਦਾ ਹਾਲੇ ਅਨੁਮਾਨ ਲਗਾਇਆ ਜਾਣਾ ਬਾਕੀ ਹੈ।

ਇਹ ਖੁਲਾਸਾ ਆਬਕਾਰੀ ਵਿਭਾਗ ਵੱਲੋਂ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨਾਲ ਨਵੀਂ ਆਬਕਾਰੀ ਨੀਤੀ ਵਿੱਚ ਹੋਈਆਂ ਸੋਧਾਂ ਦੀ ਰੌਸ਼ਨੀ ਵਿੱਚ ਮੌਜੂਦਾ ਹਾਲਾਤਾਂ ਦੀ ਸਮੀਖਿਆ ਅਤੇ ਹੋਰ ਸਬੰਧਤ ਮੁੱਦਿਆਂ ਨੂੰ ਵਿਚਾਰਨ ਲਈ ਹੋਈ ਮੀਟਿੰਗ ਦੌਰਾਨ ਕੀਤਾ ਗਿਆ।

ਆਬਕਾਰੀ ਵਿਭਾਗ ਵੱਲੋਂ ਸਮੀਖਿਆ ਮੀਟਿੰਗ ਵਿੱਚ ਦੱਸਿਆ ਗਿਆ ਕਿ ਕੋਵਿਡ ਦੀ ਮਹਾਂਮਾਰੀ ਕਾਰਨ ਲਾਗੂ ਕੀਤੇ ਗਏ ਲੌਕਡਾਊਨ/ਕਰਫਿਊ ਸਦਕਾ ਹੋਏ ਨੁਕਸਾਨ ਤੋਂ ਇਲਾਵਾ ਵਿਭਾਗ ਨੂੰ 2019-20 ਵਿੱਤੀ ਵਰ੍ਹੇ ਦੌਰਾਨ ਕੋਈ ਵਿੱਤੀ ਘਾਟਾ ਨਹੀਂ ਪਿਆ।

ਮੁੱਖ ਮੰਤਰੀ ਵੱਲੋਂ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਕਿ ਠੇਕਿਆਂ ਦੀ ਨਿਲਾਮੀ ਬਾਬਤ ਬਾਕੀ ਰਹਿੰਦੇ ਕੰਮਾਂ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾਵੇ ਅਤੇ ਨਾਲ ਹੀ ਕਿਹਾ ਕਿ

ਆਮਦਨੀ ਨੂੰ ਵਧਾਉਣ ਲਈ ਹਰ ਸੰਭਵ ਯਤਨ ਕੀਤੇ ਜਾਣ। ਉਨ੍ਹਾਂ ਵਿਭਾਗ ਨੂੰ ਲੌਕਡਾਊਨ ਕਾਰਨ ਪੈਦਾ ਹੋਏ ਹਾਲਾਤਾਂ ਦੀ ਜ਼ਮੀਨੀ ਹਕੀਕੀਤ ਦਾ ਸਮੇਂ ਸਿਰ ਪਤਾ ਲਗਾਉਣ ਲਈ ਹਰ ਸ਼ੁੱਕਰਵਾਰ ਵਿੱਤੀ ਵਸੂਲੀਆਂ ਨੂੰ ਰੀਵਿਊ ਕਰਨ ਲਈ ਵੀ ਆਖਿਆ।

ਇਹ ਨਿਰਦੇਸ਼ ਕੋਵਿਡ ਸੰਕਟ ਦੇ ਸਨਮੁਖ ਸਾਲ 2020-21 ਦੀ ਆਬਕਾਰੀ ਨੀਤੀ ਵਿੱਚ ਮੁੱਖ ਮੰਤਰੀ ਵੱਲੋਂ ਪ੍ਰਵਾਨ ਕੀਤੀਆਂ ਗਈਆਂ ਪ੍ਰਮੁੱਖ ਸੋਧਾਂ 'ਤੇ ਪੈਰਵੀ ਦੇ ਮਕਸਦ ਨਾਲ ਦਿੱਤੇ ਗਏ ਹਨ ਜਿਸ ਸਦਕਾ ਜਦੋਂ ਪੰਜਾਬ ਅੰਦਰ ਸਾਰੇ ਅਲਾਟ ਕੀਤੇ ਠੇਕੇ, ਸਿਵਾਏ ਕੰਟੇਨਮੈਂਟ ਜ਼ੋਨਾ ਵਿਚਲੇ ਠੇਕਿਆਂ ਦੇ, ਖੁੱਲ੍ਹ ਚੁੱਕੇ ਹਨ। ਸੂਬੇ ਵਿੱਚ 589 ਗਰੁੱਪਾਂ ਵੱਲੋਂ ਚਲਾਏ ਜਾ ਰਹੇ 4404 ਠੇਕੇ ਖੁੱਲ੍ਹ ਗਏ ਹਨ।

ਆਬਕਾਰੀ ਵਿਭਾਗ ਵੱਲੋਂ ਮੁੱਖ ਮੰਤਰੀ ਨੂੰ ਜਾਣਕਾਰੀ ਦਿੱਤੀ ਗਈ ਕਿ ਭਾਵੇਂ ਵਿੱਤੀ ਸਾਲ 2019-29 ਦੀਆਂ ਵਸੂਲੀਆਂ ਨੂੰ ਹਾਲੇ ਅੰਤਿਮ ਰੂਪ ਦਿੱਤਾ ਜਾਣਾ ਹੈ ਪਰ ਅੰਕੜੇ ਸੰਕੇਤ ਦਿੰਦੇ ਹਨ ਕਿ ਇਸ ਸਾਲ ਦੀ ਆਬਕਾਰੀ ਆਮਦਨ ਪਿਛਲੇ ਵਿੱਤੀ ਵਰ੍ਹੇ ਨਾਲੋਂ ਜ਼ਿਆਦਾ ਹੈ।

ਤੱਥ ਪੇਸ਼ ਕਰਦਿਆਂ ਵਿਭਾਗ ਨੇ ਦੱਸਿਆ ਕਿ ਸਾਲ 2017 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣਨ ਤੋਂ ਬਾਅਦ ਵਿੱਤੀ ਵਸੂਲੀਆਂ ਵਿੱਚ ਦਿੱਖਣਯੋਗ ਅਤੇ ਉਸਾਰੂ ਵਾਧਾ ਹੋਇਆ ਹੈ। ਵਿੱਤੀ ਸਾਲ 2016-17 ਵਿੱਚ 4405 ਕਰੋੜ ਤੋਂ ਸਾਲ 2017-18 ਵਿੱਚ ਰਾਜ ਦੇ ਖਜ਼ਾਨੇ ਨੂੰ ਹੋਈ ਆਮਦਨ ਵਧ ਕੇ 5135.68 ਕਰੋੜ ਹੋਈ ਹੈ ਜੋ ਕਿ ਇਕ ਸਾਲ ਵਿੱਚ ਹੋਇਆ 16 ਫੀਸਦ ਵਾਧਾ ਹੈ।

ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਵਿੱਤੀ ਸਾਲ 2018-19 ਵਿੱਚ ਕੋਟਾ ਅਤੇ ਕੀਮਤਾਂ ਘਟਣ ਦੇ ਨਾਲ-ਨਾਲ ਵੈਟ ਵਧਣ ਜੋ ਜੀ.ਐਸ. ਵਿੱਚ ਕੁਝ ਤਬਦੀਲੀਆਂ ਨਾਲ 14 ਫੀਸਦੀ ਤੱਕ ਵਧ ਗਿਆ, ਦੇ ਕਰਕੇ ਆਬਕਾਰੀ ਵਿਭਾਗ ਦੀ ਆਮਦਨ ਵਿੱਚ

ਮਾਮੂਲੀ ਗਿਰਾਵਟ ਆਈ। ਇਹ ਘਾਟਾ ਮਾਮੂਲੀ ਸੀ ਅਤੇ 5073.79 ਕਰੋੜ ਰੁਪਏ ਦੀ ਅਸਲ ਵਸੂਲੀ ਹੋਈ।

ਵਿਭਾਗ ਦੇ ਅਧਿਕਾਰੀਆਂ ਮੁਤਾਬਕ ਜਿੱਥੋਂ ਤੱਕ ਵਿੱਤੀ ਵਰ੍ਹੇ 2019-20 ਦਾ ਸਬੰਧ ਹੈ, ਆਬਕਾਰੀ ਵਿਭਾਗ ਨੂੰ ਹੋਈ ਆਮਦਨ ਦਾ ਅੰਕੜਾ ਇਸ ਵੇਲੇ 5015 ਕਰੋੜ ਰੁਪਏ ਹੈ। ਹਾਲਾਂਕਿ, ਵਿੱਤੀ ਸਾਲ 2019-20 ਦੀ ਆਬਕਾਰੀ ਨੀਤੀ ਮੁਤਾਬਕ ਅਰਜ਼ੀਆਂ ਦੀ 50 ਕਰੋੜ ਰੁਪਏ ਦੀ ਰਾਸ਼ੀ ਆਬਕਾਰੀ ਤੇ ਕਰ ਸੇਵਾਵਾਂ ਏਜੰਸੀ (ਈ.ਟੀ.ਟੀ.ਐਸ.ਏ.) ਨੂੰ ਤਬਦੀਲ ਕਰ ਦਿੱਤੀ ਗਈ। ਇਸ ਤੋਂ ਇਲਾਵਾ 125 ਕਰੋੜ ਰੁਪਏ ਦੇ ਵੈਟ ਨੂੰ ਸ਼ਾਮਲ ਕੀਤਾ ਗਿਆ ਅਤੇ ਇਸ ਨੂੰ ਧਿਆਨ ਵਿੱਚ ਰੱਖਦਿਆਂ ਕੁੱਲ ਪ੍ਰਾਪਤੀਆਂ 5222 ਕਰੋੜ ਰੁਪਏ ਹੋਣਗੀਆਂ।

ਅਧਿਕਾਰੀਆਂ ਮੁਤਾਬਕ ਵਿੱਤੀ ਵਰ੍ਹੇ 2019-20 ਦੌਰਾਨ 22 ਮਾਰਚ ਨੂੰ ਕਰਫਿਊ ਲੱਗਣ ਅਤੇ 23 ਮਾਰਚ ਨੂੰ ਕਰਫਿਊ/ਲੌਕਡਾਊਨ ਦੇ ਕਾਰਨ ਵਿੱਤੀ ਸਾਲ 2020-21 ਲਈ ਸਾਰੀਆਂ ਫੀਸਾਂ (ਤੈਅ ਲਾਇਸੰਸ ਫੀਸ ਅਤੇ ਹੋਰ ਨਿਰਧਾਰਤ ਲਾਇਸੰਸ ਫੀਸ) ਜੋ ਮਾਰਚ ਵਿੱਚ ਜਮ੍ਹਾਂ ਕਰਵਾਉਣੀਆਂ ਸਨ, ਨਹੀਂ ਕਰਵਾਈਆਂ ਜਾ ਸਕੀਆਂ। ਇਨ੍ਹਾਂ ਵਿੱਚ ਗਰੁੱਪ ਨੂੰ ਨਵਿਆਉਣ ਲਈ 278 ਕਰੋੜ ਰੁਪਏ, ਨਵੇਂ ਅਲਾਟ ਕੀਤੇ ਗਰੁੱਪਾਂ ਤੋਂ ਲਗਪਗ 68 ਕਰੋੜ ਰੁਪਏ ਅਤੇ ਹੋਰ ਵਸੂਲੀਆਂ ਦੇ 120 ਕਰੋੜ ਰੁਪਏ ਕਰਫਿਊ/ਲੌਕਡਾਊਨ ਦੀਆਂ ਬੰਦਿਸ਼ਾਂ ਕਾਰਨ ਜਮ੍ਹਾਂ ਨਹੀਂ ਕਰਵਾਏ ਜਾ ਸਕੇ।

ਵਿਭਾਗ ਨੇ ਦੱਸਿਆ ਕਿ ਇਸ ਕਰਕੇ ਸੂਬੇ ਦੇ ਖਜ਼ਾਨੇ ਵਿੱਚ ਮਾਰਚ, 2020 ਵਿੱਚ 466 ਕਰੋੜ ਰੁਪਏ ਹਾਸਲ ਨਹੀਂ ਹੋਏ ਜਦਕਿ 5 ਕਰੋੜ ਰੁਪਏ ਟੈਕਸਾਂ ਅਤੇ ਈ.ਟੀ.ਟੀ.ਐਸ.ਏ. ਵਿੱਚ ਚਲੇ ਗਏ। ਇਨ੍ਹਾਂ ਅੰਕੜਿਆਂ ਮੁਤਾਬਕ ਸਾਲ ਲਈ ਹੋਣ ਵਾਲੀਆਂ ਅਸਲ ਵਸੂਲੀਆਂ ਸਗੋਂ ਬੀਤੇ ਸਾਲ ਨਾਲੋਂ ਵੀ ਕਿਤੇ ਵੱਧ ਹੋਣਗੀਆਂ।

ਇਸੇ ਦੌਰਾਨ ਆਬਕਾਰੀ ਤੇ ਕਰ ਵਿਭਾਗ ਦੇ ਬੁਲਾਰੇ ਅਨੁਸਾਰ ਨਵਿਆਏ/ਅਲਾਟ ਕੀਤੇ 4674 ਠੇਕਿਆਂ ਵਿੱਚੋਂ 4404 ਠੇਕੇ ਸੂਬਾ ਭਰ ਵਿੱਚ ਖੁੱਲ੍ਹ ਗਏ ਹਨ। ਸੀਮਿਤ ਜ਼ੋਨ (ਕੰਟੋਨਮੈਂਟ ਜ਼ੋਨ) ਵਾਲੇ ਇਲਾਕਿਆਂ ਵਿੱਚ ਅਜੇ ਠੇਕੇ ਨਹੀਂ ਖੋਲ੍ਹੇ ਜਾ ਸਕੇ।

ਇਸ ਤੋਂ ਇਲਾਵਾ ਮੁੱਖ ਮੰਤਰੀ ਵੱਲੋਂ ਪ੍ਰਵਾਨ ਕੀਤੀਆਂ ਸੋਧਾਂ ਦੀ ਲੀਹ ’ਤੇ ਵਿਭਾਗ ਨੇ 91 ਗਰੁੱਪਾਂ ’ਤੇ ਅਧਾਰਿਤ 1235 ਠੇਕਿਆਂ ਲਈ ਪ੍ਰਕ੍ਰਿਆ ਆਰੰਭ ਦਿੱਤੀ ਹੈ ਜੋ ਸੂਬੇ ਵਿੱਚ ਕਰਫਿਊ/ਲੌਕਡਾਊਨ ਕਰਕੇ ਮੁਕੰਮਲ ਨਹੀਂ ਕੀਤੀ ਜਾ ਸਕੀ ਸੀ।

589 ਗਰੁੱਪਾਂ ਵੱਲੋਂ ਅੱਜ ਤੱਕ ਖੋਲ੍ਹੇ ਗਏ 4404 ਠੇਕਿਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ 54 ਗਰੁੱਪਾਂ ਨੇ ਅੰਮ੍ਰਿਤਸਰ-1, ਅੰਮ੍ਰਿਤਸਰ-2, ਗੁਰਦਾਸਪੁਰ, ਪਠਾਨਕੋਟ ਅਤੇ ਤਰਨਤਾਰਨ ਵਿੱਚ 669 ਠੇਕੇ ਖੋਲ੍ਹੇ ਹਨ।

ਇਸੇ ਤਰ੍ਹਾਂ ਹੁਸ਼ਿਆਰਪੁਰ, ਜਲੰਧਰ-1, ਜਲੰਧਰ-2, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲ੍ਹਿਆਂ ਵਿੱਚ 138 ਗਰੁੱਪਾਂ ਨੇ 977 ਠੇਕੇ ਖੋਲ੍ਹੇ ਹਨ। ਲੁਧਿਆਣਾ-1, ਲੁਧਿਆਣਾ-2, ਲੁਧਿਆਣਾ-3 ਅਤੇ ਫਤਹਿਗੜ੍ਹ ਸਾਹਿਬ ਵਿੱਚ 147 ਗਰੁੱਪਾਂ ਵੱਲੋਂ ਚਲਾਏ ਜਾ ਰਹੇ 742 ਠੇਕਿਆਂ ਨੂੰ ਖੋਲ੍ਹਿਆ ਗਿਆ ਹੈ ਜਦਕਿ ਪਟਿਆਲਾ, ਸੰਗਰੂਰ ਅਤੇ ਬਰਨਾਲਾ ਜ਼ਿਲ੍ਹਿਆਂ ਵਿੱਚ 117 ਗਰੁੱਪਾਂ ਨੇ 718 ਠੇਕੇ ਖੋਲ੍ਹੇ ਹਨ।

ਬੁਲਾਰੇ ਨੇ ਦੱਸਿਆ ਕਿ ਰੂਪਨਗਰ ਅਤੇ ਐਸ.ਏ.ਐਸ. ਨਗਰ (ਮੋਹਾਲੀ) ਜ਼ਿਲ੍ਹਿਆਂ ਵਿੱਚ 55 ਗਰੁੱਪਾਂ ਵੱਲੋਂ 340 ਠੇਕੇ ਖੋਲ੍ਹੇ ਗਏ ਹਨ। ਇਨ੍ਹਾਂ ਤੋਂ ਇਲਾਵਾ ਫਿਰੋਜ਼ਪੁਰ, ਫਾਜ਼ਿਲਕਾ, ਮੋਗਾ ਅਤੇ ਮੁਕਤਸਰ ਜ਼ਿਲ੍ਹਿਆਂ ਵਿੱਚ 26 ਗਰੁੱਪਾਂ ਵੱਲੋਂ 485 ਠੇਕੇ ਖੋਲ੍ਹੇ ਗਏ ਹਨ। ਇਸੇ ਤਰ੍ਹਾਂ ਫਰੀਦਕੋਟ, ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ 52 ਗਰੁੱਪਾਂ ਵੱਲੋਂ 473 ਠੇਕੇ ਖੋਲ੍ਹੇ ਗਏ ਹਨ।

------------

**ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ**

# ਸਹਿਕਾਰਤਾ ਵਿਭਾਗ ਵੱਲੋਂ ਆਪਣੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦਾ 25 ਲੱਖ ਰੁਪਏ ਦਾ ਬੀਮਾ ਕਵਰ ਕਰਨ ਦਾ ਫੈਸਲਾ

- **ਫਰੰਟਲਾਈਨ 'ਤੇ ਡਟੇ ਪੰਜੇ ਸਹਿਕਾਰੀ ਅਦਾਰਿਆਂ ਦੇ ਕੁੱਲ 14905 ਮੁਲਾਜ਼ਮਾਂ ਦਾ ਹੋਵੇਗਾ ਬੀਮਾ ਕਵਰ: ਸੁਖਜਿੰਦਰ ਸਿੰਘ ਰੰਧਾਵਾ**
- **ਸਹਿਕਾਰੀ ਅਦਾਰੇ ਹੀ ਬੀਮਾ ਦੀ ਪ੍ਰੀਮੀਅਮ ਰਾਸ਼ੀ 2.95 ਕਰੋੜ ਰੁਪਏ ਅਦਾ ਕਰਨਗੇ**

ਚੰਡੀਗੜ੍ਹ, 15 ਮਈ

ਸਹਿਕਾਰਤਾ ਵਿਭਾਗ ਵੱਲੋਂ ਕੋਵਿਡ-19 ਸੰਕਟ ਵਿੱਚ ਫਰਟੰਲਾਈਨ 'ਤੇ ਡਟੇ ਆਪਣੇ ਵਿਭਾਗ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦਾ 25 ਲੱਖ ਰੁਪਏ ਦਾ ਬੀਮਾ ਕਵਰ ਕਰਨ ਦਾ ਫੈਸਲਾ ਕੀਤਾ ਹੈ। ਇਹ ਬੀਮਾ ਸਾਰੇ ਰੈਗੂਲਰ, ਠੇਕੇ ਅਤੇ ਆਊਟਸੋਰਸਿੰਗ ਉਤੇ ਕੰਮ ਕਰ ਰਹੇ ਮੁਲਾਜ਼ਮਾਂ ਦਾ ਕੀਤਾ ਜਾਵੇਗਾ ਜੋ ਇਸ ਵੇਲੇ ਕੋਵਿਡ-19 ਸੰਕਟ ਦੇ ਮੱਦੇਨਜ਼ਰ ਲਗਾਏ ਕਰਫਿਊ/ਲੌਕਡਾਊਨ ਦੌਰਾਨ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਮੁਹੱਈਆ ਕਰਨ ਲਈ ਦਿਨ-ਰਾਤ ਕੰਮ ਕਰ ਰਹੇ ਹਨ। ਇਹ ਖੁਲਾਸਾ ਸਹਿਕਾਰਤਾ ਮੰਤਰੀ ਸ.ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਕੀਤਾ।

ਸ. ਰੰਧਾਵਾ ਨੇ ਕਿਹਾ ਕਿ ਫਰੰਟਲਾਈਨ 'ਤੇ ਕੰਮ ਕਰ ਰਹੇ ਪੰਜ ਸਹਿਕਾਰੀ ਅਦਾਰਿਆਂ ਸ਼ੂਗਰਫੈਡ, ਮਿਲਕਫੈਡ, ਮਾਰਕਫੈਡ, ਪੰਜਾਬ ਰਾਜ ਸਹਿਕਾਰੀ ਬੈਂਕ ਤੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ 14905 ਅਧਿਕਾਰੀਆਂ/ਕਰਮਚਾਰੀਆਂ ਦਾ 25 ਲੱਖ ਰੁਪਏ ਪ੍ਰਤੀ ਮੁਲਾਜ਼ਮ ਬੀਮਾ ਕਵਰ ਇਕ ਸਾਲ ਲਈ ਕੀਤਾ ਜਾ ਰਿਹਾ ਹੈ। ਪ੍ਰਤੀ ਮੁਲਾਜ਼ਮ 1977 ਰੁਪਏ ਸਮੇਤ ਜੀ.ਐਸ.ਟੀ. ਪ੍ਰੀਮੀਅਮ ਖਰਚ ਆ ਰਿਹਾ ਹੈ ਜਿਸ ਤਹਿਤ ਸਾਰੇ 14905 ਮੁਲਾਜ਼ਮਾਂ ਦੇ ਬੀਮੇ ਲਈ ਪ੍ਰੀਮੀਅਮ ਦਾ ਕੁੱਲ ਖਰਚਾ 2.95 ਕਰੋੜ (2,94,67,185) ਰੁਪਏ ਆਵੇਗਾ। ਪ੍ਰੀਮੀਅਮ ਦੀ ਰਾਸ਼ੀ ਸਬੰਧਤ ਸਹਿਕਾਰੀ ਅਦਾਰੇ ਵੱਲੋਂ ਆਪੋ-ਆਪਣੇ ਮੁਲਾਜ਼ਮਾਂ ਦੀ ਗਿਣਤੀ ਦੇ ਹਿਸਾਬ ਨਾਲ ਅਦਾ ਕੀਤੀ ਜਾਵੇਗੀ।

ਸਹਿਕਾਰਤਾ ਮੰਤਰੀ ਨੇ ਸਾਰੇ ਮੁਲਾਜ਼ਮਾਂ ਦੇ ਵੇਰਵੇ ਦਿੰਦੇ ਦੱਸਿਆ ਕਿ ਪੰਜੇ ਸਹਿਕਾਰੀਆਂ ਅਦਾਰਿਆਂ ਦੇ ਕੁੱਲ 14905 ਅਧਿਕਾਰੀਆਂ/ਕਰਮਚਾਰੀਆਂ ਵਿੱਚੋਂ 8812 ਰੈਗੂਲਰ ਅਤੇ 6093 ਠੇਕੇ ਅਤੇ ਆਊਟਸੋਰਸਿੰਗ ਉਤੇ ਕੰਮ ਕਰਦੇ ਹਨ। ਸਹਿਕਾਰਤਾ ਵਿਭਾਗ ਵੱਲੋਂ ਲਏ ਇਸ ਵੱਡੇ ਫੈਸਲੇ ਤਹਿਤ ਸ਼ੂਗਰਫੈਡ ਦੇ 2090, ਮਿਲਕਫੈਡ ਦੇ 6298, ਮਾਰਕਫੈਡ ਦੇ 1421, ਪੰਜਾਬ ਰਾਜ ਸਹਿਕਾਰੀ ਬੈਂਕ ਦੇ 4217 ਤੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ 879 ਮੁਲਾਜ਼ਮਾਂ ਦਾ ਬੀਮਾ ਹੋਵੇਗਾ।

ਸ. ਰੰਧਾਵਾ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਸਹਿਕਾਰੀ ਅਦਾਰੇ ਸੂਬੇ ਦੇ ਲੋਕਾਂ ਅਤੇ ਕਿਸਾਨਾਂ ਨੂੰ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਫਰੰਟਲਾਈਨ ’ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਇਸ ਸਮੇਂ ਕੰਮ ਕਰ ਰਹੇ ਮੁਲਾਜ਼ਮਾਂ ਦੇ ਜੋਖਮ ਨੂੰ ਦੇਖਦਿਆਂ ਇਹ ਬੀਮਾ ਕਵਰ ਕਰਨ ਦਾ ਫੈਸਲਾ ਕੀਤਾ ਗਿਆ ਹੈ।

---------------

मुख्यमंत्री कार्यालय, पंजाब

लॉकडाउन /कर्फ़्यू के कारण हुए घाटे के अलावा साल 2019-20 में कोई वित्तीय नुकसान नहीं हुआ -आबकारी विभाग

कैप्टन अमरिन्दर सिंह ने विभाग को आय वसूलियों की समीक्षा हर शुक्रवार करने और आय बढ़ाने के लिए हर कदम उठाने के लिए कहा

मुख्यमंत्री की तरफ से आबकारी नीति में स्वीकृत किये गये संशोधनों के कारण सीमित ज़ोनों को छोड़ कर राज्य में शराब के सभी ठेके खुले

चंडीगढ़, 15 मई:

अटकलों के उल्ट पंजाब के आबकारी विभाग को वित्तीय साल 2019-20 के दौरान कोई घाटा नहीं पड़ा सिवाय कोविड-19 के कारण लगे कर्फ़्यू/लॉकडाउन के परिणामस्वरूप हुए वित्तीय नुक्सान के जिसका अभी अनुमान लगाया जाना बाकी है।

यह खुलासा आबकारी विभाग की तरफ से मुख्यमंत्री पंजाब कैप्टन अमरिन्दर सिंह के साथ नयी आबकारी नीति में हुये संशोधनों की रौशनी में मौजूदा हालातों की समीक्षा और अन्य सम्बन्धित मुद्दों को विचारने के लिए हुई मीटिंग के दौरान किया गया।

आबकारी विभाग की तरफ से समीक्षा मीटिंग में बताया गया कि कोविड की महामारी के कारण लागू किये गए लॉकडाउन /कर्फ़्यू के परिणास्वरूप हुए नुकसान के अलावा विभाग को 2019-20 वित्तीय वर्ष के दौरान कोई वित्तीय घाटा नहीं पड़ा।

मुख्यमंत्री की तरफ से विभाग को निर्देश दिए गए कि ठेके की नीलामी बाबत बाकी रहते कामों को तेज़ी से निपटाया जाये और साथ ही कहा कि आय को बढ़ाने के लिए हर संभव यत्न किये

जाएँ। उन्होंने विभाग को लॉकडाउन के कारण पैदा हुए हालातों की ज़मीनी हकीकत का समय पर पता लगाने के लिए हर शुक्रवार वित्तीय वसूलियों को रीव्यु्ू करने के लिए भी कहा।

यह निर्देश कोविड संकट के सम्मुख साल 2020 -21 की आबकारी नीति में मुख्यमंत्री की तरफ से स्वीकृत किये गये प्रमुख संशोधनों पर पैरवी के मकसद से दिए गए हैं जिस कारण जब पंजाब के अंदर सभी अलाट किये ठेके, सिवाय कंटेनमैंट ज़ोनों के बीच वाले ठेकों, खुल चुके हैं। राज्य में 589 ग्रुपों की तरफ से चलाए जा रहे 4404 ठेके खुल गए हैं।

आबकारी विभाग की तरफ से मुख्यमंत्री को जानकारी दी गई कि चाहे वित्तीय साल 2019 -29 की वसूलियों को अभी अंतिम रूप दिया जाना है परन्तु आंकड़े संकेत देते हैं कि इस साल की आबकारी आय पिछले वित्तीय वर्ष की अपेक्षा ज़्यादा है।

तथ्य पेश करते हुये विभाग ने बताया कि साल 2017 में कैप्टन अमरिन्दर सिंह की सरकार बनने के बाद वित्तीय वसूलियों में उल्लेखनीय और रचनात्मक विस्तार हुआ है। वित्तीय साल 2016 -17 में 4405 करोड़ से साल 2017 -18 में राज्य के खजाने को हुई आय बढ़ कर 5135.68 करोड़ हुई है जो कि एक साल में हुआ 16 फीसदी विस्तार है।

विभाग के अधिकारियों ने बताया कि वित्तीय साल 2018 -19 में कोटा और कीमतें घटने के साथ-साथ वैट बढऩे जो जी.एस. में कुछ तबदीलियों के साथ 14 प्रतिशत तक बढ़ गया, के कारण आबकारी विभाग की आय में मामूली गिरावट आई। यह घाटा मामूली था और 5073.79 करोड़ रुपए की असली वसूली हुई।

विभाग के अधिकारियों के मुताबिक जहाँ तक वित्तीय वर्ष 2019 -20 का सम्बन्ध है, आबकारी विभाग को हुई आय की संख्या इस समय पर 5015 करोड़ रुपए है। हालाँकि, वित्तीय साल 2019 -20 की आबकारी नीति के मुताबिक आवेदनों की 50 करोड़ रुपए की राशि आबकारी और कर सेवाओं एजेंसी (ई.टी.टी.एस.ए.) को हस्तांतरित कर दी गई। इसके अलावा 125 करोड़ रुपए के वैट को शामिल किया गया और इसको ध्यान में रखते कुल प्राप्तियाँ 5222 करोड़ रुपए होंगी।

अधिकारियों के मुताबिक वित्तीय वर्ष 2019 -20 के दौरान 22 मार्च को कफ्र्यू लगने और 23 मार्च को कफ्र्यू /लॉकडाउन के कारण वित्तीय साल 2020 -21 के लिए सभी फ़ीसों (तय लाइसेंस फीस और अन्य निर्धारित लाइसेंस फीस) जो मार्च में जमा करवानी थी, नहीं करवाई जा सकी। इनमें

ग्रुप को नवीनीकृत के लिए 278 करोड़ रुपए, नये अलाट किये ग्रुपों से लगभग 68 करोड़ रुपए और अन्य वसूलियों के 120 करोड़ रुपए कफ्र्यू /लॉकडाउन की बन्दिशों के कारण जमा नहीं करवाए जा सके।

विभाग ने बताया कि इस कारण राज्य के खजाने में मार्च, 2020 में 466 करोड़ रुपए हासिल नहीं हुए जबकि 5 करोड़ रुपए टैक्सों और ई.टी.टी.एस.ए. में चले गए। इन आंकड़ों के मुताबिक साल के लिए होने वाली असली वसूली बल्कि बीते साल की अपेक्षा भी कहीं अधिक होंगी।

इसी दौरान आबकारी और कर विभाग के प्रवक्ता के अनुसार नवीनीकृत/अलॉट किये गये 4674 ठेकों में से 4404 ठेके राज्य भर में खुल गए हैं। सीमित जोन (कंटोनमैंट जोन) वाले इलाकों में अभी ठेके नहीं खोले जा सके।

इसके इलावा मुख्यमंत्री की तरफ से स्वीकृत की संशोधनों की राह पर विभाग ने 91 ग्रुपों पर आधारित 1235 ठेकों के लिए प्रक्रिया आरंभ कर दी है जो राज्य में कफ्र्यू/लॉकडाउन के कारण मुकम्मल नहीं की जा सकी थी।

589 ग्रुपों की तरफ से आज तक खोले गए 4404 ठेकों संबंधी विस्तार में जानकारी देते हुये प्रवक्ता ने बताया कि 54 ग्रुपों ने अमृतसर -1, अमृतसर -2, गुरदासपुर, पठानकोट और तरनतारन में 669 ठेकेे खोलें हैं।

इसी तरह होशियारपुर, जालंधर -1, जालंधर -2, कपूरथला और शहीद भगत सिंह नगर (नवांशहर) जिलों में 138 ग्रुपों ने 977 ठेके खोलें हैं। लुधियाना -1, लुधियाना -2, लुधियाना -3 और फतेहगढ़ साहिब में 147 ग्रुपों की तरफ से चलाए जा रहे 742 ठेकों को खोला गया है जबकि पटियाला, संगरूर और बरनाला जिलों में 117 ग्रुपों ने 718 ठेके खोलें हैं।

प्रवक्ता ने बताया कि रूपनगर और एस.ए.एस. नगर (मोहाली) जिलों में 55 ग्रुपों की तरफ से 340 ठेके खोलें गए हैं। इनके अलावा फिऱोज़पुर, फाजिल्का, मोगा और मुक्तसर जिलों में 26 ग्रुपों की तरफ से 485 ठेके खोलें गए हैं। इसी तरह फरीदकोट, बठिंडा और मानसा जिलों में 52 ग्रुपों की तरफ से 473 ठेके खोलें गए हैं।

---------------

सूचना एवं लोक संपर्क विभाग, पंजाब

## सहकारिता विभाग द्वारा अपने सभी अधिकारियों /कर्मचारियों का 25 लाख रुपए का बीमा कवर करने का फैसला

## फ्रंटलाईन पर डटे पांचों सहकारी अदारों के कुल 14905 मुलाजिमों का होगा बीमा कवर-सुखजिन्दर सिंह रंधावा

## सहकारी अदारे ही बीमा की प्रीमियम राशि 2.95 करोड़ रुपए अदा करेंगे

चंडीगढ़, 15 मई:

सहकारिता विभाग द्वारा कोविड - 19 संकट में फ्रटंलाईन पर डटे अपने विभाग के समूह अधिकारियों /कर्मचारियों का 25 लाख रुपए का बीमा कवर करने का फ़ैसला किया है। यह बीमा सभी रेगुलर, ठेके और आउटसोर्सिंग पर काम कर रहे मुलाजिमों का किया जायेगा जो इस समय पर कोविड -19 संकट के मद्देनजऱ लगाए कफ्र्यू /लॉकडाऊन के दौरान लोगों को ज़रूरी सेवाएं मुहैया करवाने के लिए दिन -रात काम कर रहे हैं। यह प्रगटावा सहकारिता मंत्री स.सुखजिन्दर सिंह रंधावा ने आज यहाँ जारी प्रैस बयान के द्वारा किया।

स. रंधावा ने कहा कि फ्रंटलाईन पर काम कर रहे पाँच सहकारी अदारों शूगरफैड, मिल्कफैड, मार्कफैड, पंजाब राज्य सहकारी बैंक और पंजाब राज्य सहकारी कृषि विकास बैंक के 14905 अधिकारियों /कर्मचारियों का 25 लाख रुपए प्रति मुलाज़िम बीमा कवर एक साल के लिए किया जा रहा है। प्रति मुलाज़िम 1977 रुपए समेत जी.एस.टी. प्रीमियम ख़र्च आ रहा है जिसके अंतर्गत सभी 14905 मुलाजिमों के बीमे के लिए प्रीमियम का कुल खर्चा 2.95 करोड़ (2,94,67,185) रुपए आऐगा। प्रीमियम की राशि सम्बन्धित सहकारी अदारे की तरफ से अपने-अपने मुलाजिमों की संख्या के हिसाब से अदा की जायेगी।

सहकारिता मंत्री ने सभी मुलाजिमों के विवरन देते हुये बताया कि पांचो सहकारी अदारों के कुल 14905 आधिकारियों /कर्मचारियों में से 8812 रेगुलर और 6093 ठेके और आउटसोर्सिंग पर काम करते हैं। सहकारिता विभाग की तरफ से लिए इस बड़े फ़ैसले के अंतर्गत शूगरफैड के 2090, मिल्कफैड के 6298, मार्कफैड के 1421, पंजाब राज्य सहकारी बैंक के 4217 और पंजाब राज्य सहकारी कृषि विकास बैंक के 879 मुलाजिमों का बीमा होगा।

स. रंधावा ने कहा कि संकट की इस घड़ी में सहकारी अदारे राज्य के लोगों और किसानों को ज़रूरी सेवाएं मुहैया करवाने के लिए फ्रंटलाईन पर काम कर रहे हैं। उन्होंने कहा इस समय काम कर रहे मुलाजिमों के जोखिम को देखते यह बीमा कवर करने का फ़ैसला किया गया है।

---------------------